**OFFICE OF FEE COMMITTEE FOR THE PRIVATE SCHOOLS OF PUNJAB**

**Room No. 23, Second Floor, Block-F,Vidya Bhawan, Phase-8, SAS Nagar, Mohali (Punjab).**

## ਪਬਲਿਕ ਨੋਟਿਸ

ਆਮ ਜਨਤਾ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਫੀਸ ਕਮੇਟੀ ਨੇ ਉਹਨਾਂ ਸਾਰੇ self financing ਸਕੂਲਾਂ ਦੀ ਫੀਸ ਬਾਰੇ ਫੈਸਲਾ ਕਰਨਾ ਹੈ ਜਿਹੜੇ ਕਿ ਆਈ. ਸੀ. ਐਸ. ਈ, ਸੀ. ਬੀ. ਐਸ. ਈ. ਜਾਂ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਐਫੀਲੀਏਟਿਡ ਹਨ।

1. ਉਪਰੋਕਤ ਸਾਰੇ ਸਕੂਲਾਂ ਨੇ ਸਕੂਲ ਸਬੰਧੀ ਉਹ ਪ੍ਰੋਫਾਰਮਾ ਜੋ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਵੈਬਸਾਈਟ www.pseb.ac.in ਉਪਰ ਉਪਲੱਬਧ ਹੈ, ਨੂੰ ਤੱਥਾਂ ਦੇ ਆਧਾਰ 'ਤੇ ਭਰ ਕੇ ਭੇਜਣਾ ਹੈ। ਜਿਹੜੇ ਸਕੂਲ ਇਹ ਪ੍ਰੋਫਾਰਮਾ ਭਰ ਕੇ ਨਹੀਂ ਵੀ ਭੇਜਣਗੇ ਉਹਨਾਂ ਦੀ ਫੀਸ ਬਾਰੇ ਵੀ ਫੈਸਲਾ ਕਮੇਟੀ ਨੇ ਸਬੰਧਤ ਬੋਰਡ ਕੋਲੋਂ ਜਾਂ ਸਰਕਾਰ ਤੋਂ ਉਪਲੱਬਧ ਸੂਚਨਾ ਦੇ ਆਧਾਰ 'ਤੇ ਕਰਨਾ ਹੈ।

2. ਸਕੂਲਾਂ ਵੱਲੋਂ ਉਪਲੱਬਧ ਕਰਵਾਈ ਗਈ ਸੂਚਨਾ ਬਾਰੇ ਜੇਕਰ ਕਮੇਟੀ ਦੇ ਵਿਚਾਰ ਅਨੁਸਾਰ ਲੋੜ ਹੋਵੇ ਤਾਂ ਉਸ ਸੂਚਨਾ ਦੀ ਪੁਸ਼ਟੀ ਸਬੰਧਤ ਜ਼ਿਲ੍ਹਾ ਮੈਜਿਸਟਰੇਟ ਰਾਹੀਂ ਕਰਵਾਈ ਜਾਵੇਗੀ।

3. ਸਾਲ 2012-13 ਦੀ ਵਿੱਤੀ ਸਟੇਟਮੈਂਟ ਬਿਨਾਂ ਆਡਿਟ ਕੀਤੇ ਹੀ ਅਗਸਤ ਮਹੀਨੇ ਦੇ ਵਿੱਚ-ਵਿੱਚ ਉਪਲੱਬਧ ਕਰਵਾਈ ਜਾਵੇ।

4. ਸਕੂਲ, ਮਾਪੇ, ਬੱਚਿਆਂ ਦੇ ਨੁਮਾਇੰਦੇ, ਕੋਈ NGO, ਕੋਈ ਵਿਅਕਤੀ ਜਾਂ ਕੋਈ ਹੋਰ ਧਿਰਾਂ ਫੀਸ structure ਬਾਰੇ ਕੁੱਝ ਵੀ ਕਹਿਣਾ ਚਾਹੁੰਦੀਆਂ ਹੋਣ ਤਾਂ ਉਹ ਨਿਰਧਾਰਤ ਮਿਤੀ ਨੂੰ ਜਾਂ ਉਸ ਤੋਂ ਪਹਿਲਾਂ ਜਾਂ ਬਾਅਦ ਵਿੱਚ ਵੀ ਕਮੇਟੀ ਦੇ ਦਫਤਰ ਵਿਖੇ ਪੇਸ਼ ਹੋ ਸਕਦੀਆਂ ਹਨ।

ਬਾ: ਹੁਕਮ
ਜਸਟਿਸ ਰਣਜੀਤ ਸਿੰਘ (ਰਿਟਾ:)
ਚੇਅਰਮੈਨ